# ਮਦਦ ਇੱਥੇ ਸ਼ੁਰੂ ਹੁੰਦੀ ਹੈ।

## ਜੇ ਤੁਸੀਂ ਜਾਂ ਤੁਹਾਨੂੰ ਜਾਣਦਾ ਕੋਈ ਘਰੇਲੂ ਹਿੰਸਾ ਦਾ ਸ਼ਿਕਾਰ ਹੋਇਆ ਹੈ ਤਾਂ ਮਦਦ ਮੌਜੂਦ ਹੈ

ਘਰੇਲੂ ਹਿੰਸਾ ਕਿਸੇ ਵੀ ਪ੍ਰਕਾਰ ਦਾ ਹਿੰਸਕ ਜਾਂ ਭੈੜਾ ਵਰਤਾਉ ਹੈ ਜਿਹੜਾ ਸੰਬੰਧਾਂ (ਰੀਲੇਸ਼ਨਸ਼ਿਪ) ਦੌਰਾਨ ਜਾਂ ਸੰਬੰਧਾਂ ਦੇ ਖਤਮ ਹੋ ਜਾਣ ਤੋਂ ਬਾਅਦ ਵਾਪਰਦਾ ਹੈ।

ਸੰਬੰਧਾਂ ਵਿਚ ਹੋਣਾ ਕਿਸੇ ਨੂੰ ਵੀ ਹਿੰਸਕ ਬਣਨ ਜਾਂ ਬੁਰਾ ਵਰਤਾਉ ਕਰਨ ਦਾ ਹੱਕ ਨਹੀਂ ਦਿੰਦਾ। ਫਿਰ ਵੀ ਘਰੇਲੂ ਹਿੰਸਾ ਸਾਰੀਆਂ ਕਿਸਮਾਂ ਦੇ ਸੰਬੰਧਾਂ ਵਿਚ ਵਾਪਰਦੀ ਹੈ: ਡੇਟਿੰਗ, ਕੌਮਨ ਲਾਅ, ਅਤੇ ਵਿਆਹ। ਹਿੰਸਕ ਅਤੇ ਭੈੜਾ ਵਰਤਾਉ ਪੀੜਿਤਾਂ ਅਤੇ ਪਰਿਵਾਰਾਂ ਲਈ ਹਾਨੀਕਾਰਕ ਹੈ ਅਤੇ ਕੁਝ ਕੇਸਾਂ ਵਿਚ ਹਿੰਸਾ ਜ਼ਿੰਦਗੀ ਨੂੰ ਖਤਰੇ ਵਿਚ ਪਾਉਂਦੀ ਹੈ। ਹਿੰਸਾ ਜਾਂ ਬੁਰੇ ਵਰਤਾਉ ਦੀਆਂ ਘਟਨਾਵਾਂ ਸੰਬੰਧਾਂ ਦੌਰਾਨ ਇਕ ਜਾਂ ਕਈ ਵਾਰੀ ਅਤੇ ਸੰਬੰਧਾਂ ਦੇ ਖਤਮ ਹੋਣ ਤੋਂ ਬਾਅਦ ਵਾਪਰ ਸਕਦੀਆਂ ਹਨ।

ਘਰੇਲੂ ਹਿੰਸਾ ਵਿਚ ਸਿਰਫ ਸਿੱਧੀ ਜਾਂ ਕਾਮੁਕ ਹਿੰਸਾ ਨਾਲੋਂ ਜ਼ਿਆਦਾ ਕੁਝ ਸ਼ਾਮਲ ਹੋ ਸਕਦਾ ਹੈ; ਕਿਸੇ ਨੂੰ ਕੰਟਰੋਲ ਕਰਨ ਜਾਂ ਡਰਾਉਣ ਦੀ ਕੋਸ਼ਿਸ਼ ਕਰਨ ਲਈ ਇਸ ਵਿਚ ਬੁਰੇ ਵਰਤਾਉ ਦੇ ਹੋਰ ਰੂਪ ਸ਼ਾਮਲ ਹੋ ਸਕਦੇ ਹਨ। ਇਸ ਦੀਆਂ ਉਦਾਹਰਣਾਂ ਵਿਚ ਇਹ ਸ਼ਾਮਲ ਹੋ ਸਕਦੀਆਂ ਹਨ: ਪਾਲਤੂ ਜਾਨਵਰ ਨੂੰ ਜਾਂ ਕਿਸੇ ਹੋਰ ਦੇ ਸੱਟ ਮਾਰਨ ਜਾਂ ਸੱਟ ਮਾਰਨ ਦੀ ਧਮਕੀ ਦੇਣਾ, ਖੁਦਕਸ਼ੀ ਕਰਨ ਦੀ ਧਮਕੀ ਦੇਣਾ, ਪ੍ਰਾਪਰਟੀ ਦਾ ਨੁਕਸਾਨ ਕਰਨਾ ਜਾਂ ਪੈਸੇ ਚੋਰੀ ਕਰਨਾ। ਭਾਵੇਂ ਕਿ ਬਹੁਤੀਆਂ ਕਿਸਮਾਂ ਦੀ ਘਰੇਲੂ ਹਿੰਸਾ ਮੁਜਰਮਾਨਾ ਜੁਰਮ ਹਨ, ਸਾਰੀਆਂ ਕਿਸਮਾਂ ਦੀ ਘਰੇਲੂ ਹਿੰਸਾ – ਸਰੀਰਕ ਅਤੇ ਕਾਮੁਕ ਹਮਲੇ, ਧਮਕੀਆਂ ਦੇਣਾ, ਪਰੇਸ਼ਾਨ ਕਰਨਾ ਅਤੇ ਜਜ਼ਬਾਤੀ ਬੁਰਾ ਵਰਤਾਉ, ਅਤੇ ਮਾਇਕ ਬੁਰਾ ਵਰਤਾਉ ਜਾਂ ਸ਼ੋਸ਼ਣ – ਨੁਕਸਾਨਦੇਹ ਹਨ। ਜੇ ਤੁਸੀਂ ਜਾਂ ਤੁਹਾਨੂੰ ਜਾਣਦਾ ਕੋਈ ਘਰੇਲੂ ਹਿੰਸਾ ਦਾ ਸ਼ਿਕਾਰ ਹੋਇਆ ਹੈ ਜਾਂ ਹਿੰਸਕ ਜਾਂ ਭੈੜੇ ਸੰਬੰਧਾਂ ਵਿਚ ਹੈ ਤਾਂ **ਮਦਦ ਮੌਜੂਦ ਹੈ**।

### ਕੀ ਇਹ ਮੇਰੇ ਨਾਲ ਵਾਪਰ ਸਕਦੀ ਹੈ?

ਘਰੇਲੂ ਹਿੰਸਾ ਕਿਸੇ ਨਾਲ ਵੀ ਹੋ ਸਕਦੀ ਹੈ। ਭਾਵੇਂ ਕਿ ਇਹ ਜ਼ਿਆਦਾ ਆਮ ਹੈ ਕਿ ਔਰਤਾਂ ਨੂੰ ਘਰੇਲੂ ਹਿੰਸਾ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਇਹ ਵੱਖ ਵੱਖ ਉਮਰਾਂ, ਸਮਰੱਥਾਵਾਂ, ਅਤੇ ਸਭਿਆਚਾਰਕ ਅਤੇ ਆਰਥਿਕ ਪਿਛੋਕੜਾਂ ਦੇ ਲੋਕਾਂ ਨਾਲ ਵਾਪਰਦੀ ਹੈ। ਇਹ ਮਰਦਾਂ ਔਰਤਾਂ ਅਤੇ ਮਰਦਾਂ ਨਾਲ ਵਾਪਰਦੀ ਹੈ, ਕਾਮੁਕ ਰੁਚੀਆਂ ਭਾਵੇਂ ਕੋਈ ਵੀ ਹੋਣ।

ਹਿੰਸਾ ਜਾਂ ਬੁਰਾ ਵਰਤਾਉ ਸੰਬੰਧ ਦੇ ਸ਼ੁਰੂ ਵਿਚ ਵਾਪਰ ਸਕਦੇ ਹਨ, ਕਈ ਮਹੀਨਿਆਂ ਜਾਂ ਸਾਲਾਂ ਬਾਅਦ ਵਾਪਰ ਸਕਦੇ ਹਨ, ਜਾਂ ਇੱਥੋਂ ਤੱਕ ਕਿ ਸੰਬੰਧ ਦੇ ਖਤਮ ਹੋ ਜਾਣ ਤੋਂ ਬਾਅਦ ਵੀ ਵਾਪਰ ਸਕਦੇ ਹਨ। ਅਤੇ ਇਹ ਸ਼ਰਾਬ ਜਾਂ ਹੋਰ ਨਸ਼ਿਆਂ ਦੀ ਵਰਤੋਂ ਕਾਰਨ ਜਾਂ ਵਰਤੋਂ ਤੋਂ ਬਿਨਾਂ ਹੋ ਸਕਦੇ ਹਨ।

ਬੁਰਾ ਵਰਤਾਉ ਕਰਨ ਵਾਲੇ ਪਾਰਟਨਰ ਅਕਸਰ ਆਪਣੇ ਐਕਸ਼ਨਾਂ ਦਾ ਕਸੂਰ ਪੀੜਿਤ ’ਤੇ ਕੱਢਦੇ ਹਨ। ਯਾਦ ਰੱਖੋ ਕਿ **ਘਰੇਲੂ ਹਿੰਸਾ ਉਸ ਵਿਅਕਤੀ ਦੀ ਗਲਤੀ ਹੈ ਜਿਹੜਾ ਇਹ ਕਰਦਾ ਹੈ**।

### ਘਰੇਲੂ ਹਿੰਸਾ ਦੇ ਕਿਹੜੇ ਅਸਰ ਹਨ?

ਘਰੇਲੂ ਹਿੰਸਾ ਦੇ ਪੀੜਿਤਾਂ ਨੂੰ ਵੱਖ ਵੱਖ ਜਜ਼ਬਾਤਾਂ ਦਾ ਅਨੁਭਵ ਹੋ ਸਕਦਾ ਹੈ। ਸ਼ੁਰੂ ਵਿਚ, ਕੁਝ ਨੂੰ ਜੋ ਹੋਇਆ ਹੈ ਉਸ ਤੋਂ ਧੱਕਾ ਲੱਗ ਸਕਦਾ ਹੈ, ਅਤੇ ਉਨ੍ਹਾਂ ਨੂੰ ਇਹ ਸਮਝਣਾ ਔਖਾ ਲੱਗ ਸਕਦਾ ਹੈ ਕਿ ਕਿਵੇਂ ਜਿਸ ਨੂੰ ਉਹ ਪਿਆਰ ਕਰਦੇ ਹਨ ਉਹ ਬੁਰਾ ਵਰਤਾਉ ਕਰ ਸਕਦਾ ਹੈ। ਹੋਰ ਜਜ਼ਬਿਆਂ ਵਿਚ ਸ਼ਰਮ ਆਉਣਾ, ਡਰ ਲੱਗਣਾ, ਚਿੰਤਾ, ਭੰਬਲਭੂਸਾ, ਗੁੱਸਾ, ਡਿਪਰੈਸ਼ਨ, ਇਕੱਲਾਪਨ, ਅਤੇ ਸੋਗ ਸ਼ਾਮਲ ਹੋ ਸਕਦੇ ਹਨ। ਬਹੁਤ ਸਾਰੇ ਪੀੜਿਤ ਨਿਰਾਦਰੀ ਦੀ ਭਾਵਨਾ, ਬੇਵਸੀ ਅਤੇ ਭਰੋਸਾ ਚਲਿਆ ਜਾਣਾ ਮਹਿਸੂਸ ਕਰਦੇ ਹਨ। ਘਰੇਲੂ ਹਿੰਸਾ ਦੇ ਪੀੜਿਤ ਦੂਜਿਆਂ ਤੋਂ ਪਿੱਛੇ ਹਟ ਸਕਦੇ ਹਨ। ਸਵੈ-ਭਰੋਸੇ ਅਤੇ ਸਵੈ-ਮਾਣ ਦਾ ਨੁਕਸਾਨ ਬਹੁਤ ਆਮ ਹਨ।

ਜਜ਼ਬਾਤੀ ਕਸ਼ਟ ਸਿਹਤ ਦੀਆਂ ਹੋਰ ਸਮੱਸਿਆਵਾਂ ਪੈਦਾ ਕਰ ਸਕਦਾ ਹੈ, ਜਿਵੇਂ ਕਿ ਪੇਟ ਵਿਚ ਗੜਬੜ, ਸਿਰਦਰਦ, ਜਾਂ ਸੌਣ ਜਾਂ ਖਾਣ ਦੀਆਂ ਸਮੱਸਿਆਵਾਂ। ਸਰੀਰਕ ਹਿੰਸਾ ਦਾ ਨਤੀਜਾ ਨੀਲ ਪੈਣ, ਹੱਡੀਆਂ ਟੁੱਟਣ, ਜਾਂ ਹੋਰ ਸਰੀਰਕ ਸੱਟਾਂ ਵਿਚ ਨਿਕਲ ਸਕਦਾ ਹੈ। ਕਾਮੁਕ ਹਿੰਸਾ ਦਾ ਨਤੀਜਾ ਸੰਭੋਗ ਨਾਲ ਲੱਗਣ ਵਾਲੀਆਂ ਬੀਮਾਰੀਆਂ ਜਾਂ ਗਰਭ ਠਹਿਰਨ ਵਿਚ ਨਿਕਲਣ ਦੇ ਨਾਲ ਨਾਲ ਸਰੀਰਕ ਅਤੇ ਜਜ਼ਬਾਤੀ ਦੁੱਖਾਂ ਵਿਚ ਨਿਕਲ ਸਕਦਾ ਹੈ।

ਜਿਨ੍ਹਾਂ ਪੀੜਿਤਾਂ ਦੇ ਬੱਚੇ ਹਨ, ਉਨ੍ਹਾਂ ਦੇ ਆਪਣੇ ਬੱਚਿਆਂ ਕਰਕੇ ਜਜ਼ਬਾਤੀ ਦੁੱਖ ਹੋਰ ਵਧ ਸਕਦੇ ਹਨ।

**ਬੱਚਿਆਂ ਦਾ ਅਨੁਭਵ**

ਇਕ ਮਾਪੇ ਨਾਲ ਹਿੰਸਾ ਜਾਂ ਬੁਰਾ ਵਰਤਾਉ ਦੇਖਣ ਵਾਲੇ ਬੱਚੇ ਵੱਖ ਵੱਖ ਜਜ਼ਬਾਤ ਜ਼ਾਹਰ ਕਰਦੇ ਹਨ ਜਿਵੇਂ ਕਿ ਚਿੰਤਾ, ਭੰਬਲਭੂਸਾ, ਡਰ ਅਤੇ ਗੁੱਸਾ, ਅਤੇ ਕੁਝ ਗੁੱਸਾ ਕੱਢਣ ਲਈ ਗਲਤ ਕੰਮ ਵੀ ਕਰ ਸਕਦੇ ਹਨ। ਬੱਚੇ ਕਿਵੇਂ ਰੀਐਕਟ ਕਰਨਗੇ ਇਸ ’ਤੇ ਕਈ ਚੀਜ਼ਾਂ ਦਾ ਅਸਰ ਪੈ ਸਕਦਾ ਹੈ, ਉਦਾਹਰਣ ਲਈ, ਉਨ੍ਹਾਂ ਦਾ ਵਿਕਾਸ ਦਾ ਪੱਧਰ ਕੀ ਹੈ, ਹਿੰਸਾ ਜਾਂ ਬੁਰੇ ਵਰਤਾਉ ਦੀ ਕਿਸਮ, ਕੀ ਪਰਿਵਾਰ ਦੀਆਂ ਹੋਰ ਸਮੱਸਿਆਵਾਂ ਵੀ ਹਨ, ਅਤੇ ਉਨ੍ਹਾਂ ਨੂੰ ਪਰਿਵਾਰ ਦੇ ਅੰਦਰ ਅਤੇ ਬਾਹਰ ਮਿਲਣ ਵਾਲੀ ਮਦਦ।

### ਕੁਝ ਪੀੜਿਤ ਮਦਦ ਕਿਉਂ ਨਹੀਂ ਲੈਂਦੇ?

ਘਰੇਲੂ ਹਿੰਸਾ ਦੇ ਕੁਝ ਪੀੜਿਤ ਮਦਦ ਨਹੀਂ ਮੰਗਦੇ ਕਿਉਂਕਿ ਉਹ ਆਪਣੀ ਸੇਫਟੀ ਅਤੇ ਆਪਣੇ ਬੱਚਿਆਂ ਦੀ ਸੇਫਟੀ ਬਾਰੇ ਡਰੇ ਹੋਏ ਹੁੰਦੇ ਹਨ। ਪੀੜਿਤਾਂ ਨੂੰ ਇਹ ਡਰ ਵੀ ਲੱਗ ਸਕਦਾ ਹੈ ਕਿ ਉਨ੍ਹਾਂ ਦੇ ਬੱਚੇ ਖੋਹ ਲਏ ਜਾਣਗੇ। ਉਹ ਮਾਇਕ ਤੌਰ ’ਤੇ ਆਪਣੇ ਪਾਰਟਨਰ ’ਤੇ ਨਿਰਭਰ ਹੋ ਸਕਦੇ ਹਨ। ਕੁਝ ਪੀੜਿਤਾਂ ਨੂੰ ਆਪਣੇ ਘਰ ਦੇ ਖੋਹੇ ਜਾਣ ਦਾ ਜਾਂ ਕਿਸੇ ਹੋਰ ਇਲਾਕੇ ਵਿਚ ਮੂਵ ਹੋਣ ਦਾ ਡਰ ਹੋ ਸਕਦਾ ਹੈ। ਕੁਝ ਦੇ ਇਮੀਗਰੇਸ਼ਨ ਦੇ ਮਸਲੇ ਹੋ ਸਕਦੇ ਹਨ।

ਸ਼ਾਇਦ ਪੀੜਿਤਾਂ ਨੂੰ ਆਪਣੇ ਹੱਕਾਂ ਦਾ ਨਾ ਪਤਾ ਹੋਵੇ ਜਾਂ ਇਹ ਨਾ ਪਤਾ ਹੋਵੇ ਕਿ ਮਦਦ ਕਿਵੇਂ ਲੈਣੀ ਹੈ। ਉਨ੍ਹਾਂ ਨੂੰ ਇਹ ਡਰ ਵੀ ਲੱਗ ਸਕਦਾ ਹੈ ਕਿ ਉਨ੍ਹਾਂ ’ਤੇ ਯਕੀਨ ਨਹੀਂ ਕੀਤਾ ਜਾਵੇਗਾ ਜਾਂ ਉਨ੍ਹਾਂ ਨੂੰ ਸਮਝਿਆ ਨਹੀਂ ਜਾਵੇਗਾ। ਕਈਆਂ ਨੂੰ ਦੂਜਿਆਂ ਤੋਂ ਸਮਾਜਿਕ ਜਾਂ ਕੁਦਰਤੀ ਵਖਰੇਵੇਂ ਕਾਰਨ ਮਦਦ ਲੈਣ ਵਿਚ ਜ਼ਿਆਦਾ ਮੁਸ਼ਕਲ ਆ ਸਕਦੀ ਹੈ। ਘਰੇਲੂ ਹਿੰਸਾ ਦੇ ਪੀੜਿਤਾਂ ਦਾ ਆਪਣੇ ਪਾਰਟਨਰ ਨਾਲ ਮਜ਼ਬੂਤ ਜਜ਼ਬਾਤੀ ਮੋਹ ਹੋ ਸਕਦਾ ਹੈ।

British Columbia | Ministry of Justice

ਕੁਝ ਹਿੰਸਾ ਨੂੰ ਘੱਟ ਕਰਕੇ ਦੇਖ ਸਕਦੇ ਹਨ ਜਾਂ ਇਹ ਯਕੀਨ ਕਰ ਸਕਦੇ ਹਨ ਕਿ ਸੁਧਾਰ ਹੋ ਜਾਵੇਗਾ। ਕੁਝ ਪਰਿਵਾਰ ਜਾਂ ਭਾਈਚਾਰੇ ਦੇ ਪਰੈਸ਼ਰ ਕਾਰਨ ਚੁੱਪ ਰਹਿ ਸਕਦੇ ਹਨ।

ਘਰੇਲੂ ਹਿੰਸਾ ਦੇ ਪੀੜਿਤਾਂ ਲਈ ਮਦਦ ਮੌਜੂਦ ਹੈ। ਜੇ ਤੁਸੀਂ ਜਾਂ ਤੁਹਾਨੂੰ ਜਾਣਦਾ ਕੋਈ ਵਿਅਕਤੀ ਹਿੰਸਕ ਸੰਬੰਧਾਂ ਵਿਚ ਹੈ ਤਾਂ **ਆਪਣੇ ਭਰੋਸੇ ਵਾਲੇ ਕਿਸੇ ਵਿਅਕਤੀ ਨੂੰ ਦੱਸੋ ਅਤੇ ਇਹ ਪਤਾ ਲਾਉ ਕਿ ਮਦਦ ਲੈਣ ਲਈ ਤੁਸੀਂ ਕੀ ਕਰ ਸਕਦੇ ਹੋ**।

## ਪੁਲੀਸ ਨੂੰ ਰਿਪੋਰਟ ਕਰਨ ਬਾਰੇ ਕੀ ਵਿਚਾਰ ਹੈ?

ਤੁਸੀਂ ਘਰੇਲੂ ਹਿੰਸਾ ਦੀ ਪੁਲੀਸ ਨੂੰ ਰਿਪੋਰਟ ਕਰਨਾ ਚਾਹੁੰਦੇ ਹੋ ਸਕਦੇ ਹੋ। ਪੁਲੀਸ ਅਤੇ ਜਸਟਿਸ ਸਿਸਟਮ ਨੂੰ ਸ਼ਾਮਲ ਕਰਨਾ ਸੁਰੱਖਿਅਤ ਹੋਣ ਅਤੇ ਹਿੰਸਾ ਰੋਕਣ ਲਈ ਜ਼ਰੂਰੀ ਹੈ। ਇਹ ਠੀਕ ਹੋਣ ਦੇ ਕਾਰਜ ਵਿਚ ਵੀ ਮਹੱਤਵਪੂਰਨ ਰੋਲ ਨਿਭਾ ਸਕਦਾ ਹੈ। ਪੁਲੀਸ ਕੋਲ ਜੁਰਮ ਦੀ ਰਿਪੋਰਟ ਕਰਨ ਵੇਲੇ ਮਦਦ ਕਰਨ ਵਾਲਾ ਕੋਈ ਵਿਅਕਤੀ ਵੀ ਤੁਹਾਡੇ ਨਾਲ ਹੋ (ਜਾ) ਸਕਦਾ ਹੈ।

ਤੁਸੀਂ ਵਿਕਟਿਮ ਸਰਵਿਸਿਜ਼ ਅਤੇ ਹੋਰ ਏਜੰਸੀਆਂ ਤੋਂ ਮਦਦ ਲੈ ਸਕਦੇ ਹੋ ਭਾਵੇਂ ਪੁਲੀਸ ਸ਼ਾਮਲ ਹੋਵੇ ਜਾਂ ਨਾ। ਪੁਲੀਸ ਨੂੰ ਰਿਪੋਰਟ ਕਰਨ ਬਾਰੇ ਜੇ ਤੁਹਾਨੂੰ ਪੱਕਾ ਪਤਾ ਨਾ ਹੋਵੇ ਤਾਂ ਤੁਹਾਨੂੰ ਆਪਣਾ ਫੈਸਲਾ ਕਰਨ ਵਿਚ ਕਿਸੇ ਵਿਕਟਿਮ ਸਰਵਿਸ ਵਰਕਰ ਨਾਲ ਗੱਲ ਕਰਨਾ ਮਦਦ ਕਰਨ ਵਾਲਾ ਲੱਗ ਸਕਦਾ ਹੈ।

## ਜਦੋਂ ਬੱਚਿਆਂ ਨੂੰ ਸੁਰੱਖਿਆ ਦੀ ਲੋੜ ਹੁੰਦੀ ਹੈ

ਜੇ ਤੁਸੀਂ ਇਹ ਯਕੀਨ ਕਰੋ ਕਿ ਕਿਸੇ ਬੱਚੇ (19 ਸਾਲ ਤੋਂ ਘੱਟ ਦੇ ਵਿਅਕਤੀ) ਨੂੰ ਸੁਰੱਖਿਆ ਦੀ ਲੋੜ ਹੈ ਤਾਂ ਤੁਹਾਡੀ ਇਹ ਕਾਨੂੰਨੀ ਜ਼ਿੰਮੇਵਾਰੀ ਹੈ ਕਿ ਤੁਸੀਂ ਇਹ ਗੱਲ ਮਨਿਸਟਰੀ ਆਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ ਨੂੰ ਦੱਸੋ (ਇਸ ਬਾਰੇ ਜ਼ਿਆਦਾ ਅਗਲੇ ਭਾਗ ਵਿਚ, ਬੀ.ਸੀ. ਦਾ *ਚਾਇਲਡ, ਫੈਮਿਲੀ ਐਂਡ ਕਮਿਉਨਟੀ ਸਰਵਿਸ ਐਕਟ* ਵਿਚ ਦੱਸਿਆ ਗਿਆ ਹੈ)। ਇਸ ਦਾ ਨਤੀਜਾ ਪੁਲੀਸ ਨੂੰ ਰਿਪੋਰਟ ਕਰਨ ਵਿਚ ਨਿਕਲ ਸਕਦਾ ਹੈ।

## ਘਰੇਲੂ ਹਿੰਸਾ ਨਾਲ ਸੰਬੰਧਿਤ ਕਿਹੜੇ ਕਾਨੂੰਨ ਹਨ?

### *ਕਰਿਮੀਨਲ ਕੋਡ*

ਘਰੇਲੂ ਹਿੰਸਾ ਦੀਆਂ ਬਹੁਤ ਸਾਰੀਆਂ ਕਿਸਮਾਂ ਮੁਜਰਮਾਨਾ ਜੁਰਮ ਹਨ:

- ਸਰੀਰਕ ਹਿੰਸਾ – ਜਿਵੇਂ ਹਮਲਾ ਕਰਨਾ, ਹਮਲੇ ਨਾਲ ਸੱਟ ਲੱਗਣਾ, ਹਥਿਆਰ ਨਾਲ ਹਮਲਾ, ਤਕਲੀਫ ਦੇਣ ਵਾਲਾ ਹਮਲਾ, ਧੱਕੇ ਨਾਲ ਬੰਦੀ ਬਣਾਉਣਾ;
- ਕਾਮੁਕ ਹਿੰਸਾ – ਜਿਵੇਂ ਕਾਮੁਕ ਹਮਲਾ, ਤਕਲੀਫ ਦੇਣ ਵਾਲਾ ਕਾਮੁਕ ਹਮਲਾ, ਕਾਮੁਕ ਸ਼ੋਸ਼ਣ
- ਜਜ਼ਬਾਤੀ ਬੁਰਾ ਵਰਤਾਉ – ਜਿਵੇਂ ਮੁਜਰਮਾਨਾ ਤੌਰ 'ਤੇ ਪਰੇਸ਼ਾਨ ਕਰਨਾ (ਪਿੱਛਾ ਕਰਨਾ), ਧਮਕੀਆਂ ਦੇਣਾ, ਡਰਾਉਣਾ;
- ਪ੍ਰਾਪਰਟੀ ਜਾਂ ਮਾਇਕ ਬੁਰਾ ਵਰਤਾਉ – (ਜਿਵੇਂ ਪ੍ਰਾਪਰਟੀ ਦਾ ਨੁਕਸਾਨ), ਚੋਰੀ, ਫਰਾਡ।

ਮੁਜਰਮਾਨਾ ਜੁਰਮਾਂ ਦੇ ਇਲਾਵਾ, *ਕਰਿਮੀਨਲ ਕੋਡ* ਵਿਚ ਹਿਫਾਜ਼ਤੀ ਸ਼ਰਤਾਂ ਵੀ ਸ਼ਾਮਲ ਹਨ ਜਿਵੇਂ ਪੀਸ ਬੌਂਡ ਅਤੇ ਰਿਹਾਈ ਦੀਆਂ ਸ਼ਰਤਾਂ। ਇਹ ਸ਼ਰਤਾਂ ਅਜਿਹੀਆਂ ਖਾਸ ਹਾਲਤਾਂ ਤਹਿ ਕਰਕੇ ਘਰੇਲੂ ਹਿੰਸਾ ਦੇ ਪੀੜਿਤਾਂ ਅਤੇ ਉਨ੍ਹਾਂ ਦੇ ਬੱਚਿਆਂ ਦੀ ਸੇਫਟੀ ਵਿਚ ਸੁਧਾਰ ਕਰ ਸਕਦੀਆਂ ਹਨ ਜਿਨ੍ਹਾਂ ਦੀ ਪਾਲਣਾ ਕਰਨਾ ਬੁਰਾ ਵਰਤਾਉ ਕਰਨ ਵਾਲੇ ਲਈ ਜ਼ਰੂਰੀ ਹੁੰਦਾ ਹੈ (ਜਿਵੇਂ ਪੀੜਿਤ ਨਾਲ ਕੋਈ ਸੰਪਰਕ ਨਹੀਂ)।

### ਬੀ.ਸੀ. ਦਾ ਫੈਮਿਲੀ ਲਾਅ ਕਾਨੂੰਨ

ਬ੍ਰਿਟਿਸ਼ ਕੋਲੰਬੀਆ ਦੇ ਫੈਮਿਲੀ ਲਾਅ ਕਾਨੂੰਨ ਵਿਚ ਹਿਫਾਜ਼ਤੀ ਧਾਰਾਵਾਂ ਸ਼ਾਮਲ ਹਨ ਜਿਹੜੀਆਂ ਅਦਾਲਤਾਂ ਨੂੰ ਹਿਫਾਜ਼ਤੀ ਆਰਡਰ ਕਰਨ ਦੀ ਆਗਿਆ ਦਿੰਦੀਆਂ ਹਨ। ਇਹ ਹਿਫਾਜ਼ਤੀ (ਪ੍ਰੋਟੈਕਸ਼ਨ) ਆਰਡਰ ਅਜਿਹੀਆਂ ਸ਼ਰਤਾਂ ਤਹਿ ਕਰਕੇ ਪੀੜਿਤਾਂ ਅਤੇ ਉਨ੍ਹਾਂ ਦੇ ਬੱਚਿਆਂ ਦੀ ਸੇਫਟੀ ਵਿਚ ਸੁਧਾਰ ਕਰ ਸਕਦੇ ਹਨ ਜਿਨ੍ਹਾਂ ਦੀ ਪਾਲਣਾ ਕਰਨਾ ਬੁਰਾ ਵਰਤਾਉ ਕਰਨ ਵਾਲੇ ਲਈ ਜ਼ਰੂਰੀ ਹੁੰਦਾ ਹੈ।

### ਬੀ.ਸੀ. ਦੇ ਪੀੜਿਤਾਂ ਲਈ ਕਾਨੂੰਨ

ਜੁਰਮਾਂ ਦੇ ਪੀੜਿਤ ਲੋਕਾਂ ਦੇ ਹੱਕ ਹਨ। *ਵਿਕਟਿਮਜ਼ ਆਫ ਕਰਾਇਮ ਐਕਟ*, ਜੁਰਮ ਦੇ ਪੀੜਿਤਾਂ ਨਾਲ ਸਨਮਾਨ ਅਤੇ ਆਦਰ ਵਾਲਾ ਵਰਤਾਉ ਕੀਤੇ ਜਾਣ ਅਤੇ ਜਾਣਕਾਰੀ ਲੈਣ ਦੇ ਹੱਕ ਤਹਿ ਕਰਦਾ ਹੈ।

*ਕਰਾਇਮ ਵਿਕਟਿਮ ਅਸਿਸਟੈਂਸ ਐਕਟ*, ਸੱਟਾਂ ਤੋਂ ਠੀਕ ਹੋਣ ਅਤੇ ਹਿੰਸਕ ਜੁਰਮ ਦੇ ਨਤੀਜੇ ਵਜੋਂ ਹੋਰ ਖਰਚੇ ਉਗਰਾਹੁਣ ਵਿਚ ਮਦਦ ਲਈ ਬੈਨੇਫਿਟਸ ਪ੍ਰਦਾਨ ਕਰਦਾ ਹੈ।

### ਬੀ.ਸੀ. ਦਾ *ਚਾਇਲਡ, ਫੈਮਿਲੀ ਐਂਡ ਕਮਿਉਨਟੀ ਸਰਵਿਸ ਐਕਟ*

*ਚਾਇਲਡ, ਫੈਮਿਲੀ ਐਂਡ ਕਮਿਉਨਟੀ ਸਰਵਿਸ ਐਕਟ* ਦਾ ਮਕਸਦ ਵੱਖ ਵੱਖ ਕਦਮਾਂ ਰਾਹੀਂ ਬੱਚਿਆਂ ਦੀ ਹਿਫਾਜ਼ਤ ਕਰਨਾ ਹੈ ਜਿਸ ਵਿਚ ਪਰਿਵਾਰ ਦੀ ਮਦਦ ਲਈ ਸੇਵਾਵਾਂ ਵੀ ਸ਼ਾਮਲ ਹਨ। ਐਕਟ ਉਹ ਹਾਲਤ ਤਹਿ ਕਰਦਾ ਹੈ ਜਿਨ੍ਹਾਂ ਵਿਚ ਬੱਚੇ ਦੀ ਸੁਰੱਖਿਆ ਲਈ ਰਿਪੋਰਟ ਕੀਤੀ ਜਾਣੀ ਜ਼ਰੂਰੀ ਹੈ। ਇਸ ਵਿਚ ਉਹ ਖਾਸ ਹਾਲਤਾਂ ਸ਼ਾਮਲ ਹਨ ਜਿਨ੍ਹਾਂ ਵਿਚ ਕਿਸੇ ਬੱਚੇ (19 ਸਾਲ ਤੋਂ ਘੱਟ ਦੇ) ਨੂੰ ਇਹ ਹੋਇਆ ਹੈ ਜਾਂ ਹੋਣ ਦੀ ਸੰਭਾਵਨਾ ਹੈ: ਬੱਚੇ ਦੇ ਮਾਪੇ ਵਲੋਂ ਨੁਕਸਾਨ ਪਹੁੰਚਾਇਆ ਗਿਆ ਹੈ; ਜਾਂ ਕਿਸੇ ਹੋਰ ਵਲੋਂ ਨੁਕਸਾਨ ਪਹੁੰਚਾਇਆ ਗਿਆ ਹੈ ਅਤੇ ਬੱਚੇ ਦਾ ਮਾਪਾ, ਬੱਚੇ ਦੀ ਰੱਖਿਆ ਕਰਨ ਦੇ ਅਯੋਗ ਹੈ ਜਾਂ ਖਾਹਸ਼ਮੰਦ ਨਹੀਂ ਹੈ। ਚਾਇਲਡ ਵੈਲਫੇਅਰ ਵਰਕਰ ਰਿਪੋਰਟ 'ਤੇ ਸਭ ਤੋਂ ਢੁਕਵੀਂ ਕਾਰਵਾਈ ਦਾ ਫੈਸਲਾ ਕਰਦਾ ਹੈ। ਇਸ ਵਿਚ ਹੋਰਨਾਂ ਚੀਜ਼ਾਂ ਦੇ ਇਲਾਵਾ ਜਿੱਥੇ ਢੁਕਵਾਂ ਹੋਵੇ ਪੁਲੀਸ ਕੋਲ ਰਿਪੋਰਟ ਕਰਨਾ ਸ਼ਾਮਲ ਹੈ।

**ਹੈਲਪਲਾਈਨ ਫਾਰ ਚਿਲਡਰਨ (310-1234** – ਏਰੀਆ ਕੋਡ ਲਾਉਣ ਦੀ ਲੋੜ ਨਹੀਂ ਹੈ) ਕਿਸੇ ਅਜਿਹੇ ਬੱਚੇ ਬਾਰੇ ਰਿਪੋਰਟ ਕਰਨ ਲਈ ਥਾਂ ਹੈ ਜਿਸ ਨੂੰ ਸੁਰੱਖਿਆ ਦੀ ਲੋੜ ਹੈ ਜਾਂ ਰਿਪੋਰਟ ਬਾਰੇ ਸਵਾਲ ਪੁੱਛਣ ਲਈ ਹੈ।

## ਮੈਨੂੰ ਮਦਦ ਕਿੱਥੋਂ ਮਿਲ ਸਕਦੀ ਹੈ?

### ਪੁਲੀਸ

ਪੁਲੀਸ ਸੰਭਵ ਮੁਜਰਮਾਨਾ ਜੁਰਮਾਂ ਦੀਆਂ ਰਿਪੋਰਟਾਂ ਦੀ ਪੜਤਾਲ ਕਰਦੀ ਹੈ ਜਾਂ ਉਨ੍ਹਾਂ ਲੋਕਾਂ ਨੂੰ ਸੁਣਦੀ ਹੈ ਜੋ ਫੌਰੀ ਖਤਰੇ ਵਿਚ ਹੁੰਦੇ ਹਨ। ਉਹ ਜੁਰਮਾਂ ਦੀ ਪੜਤਾਲ ਕਰਦੇ ਹਨ ਅਤੇ ਜਿੱਥੇ ਢੁਕਵਾਂ ਹੋਵੇ ਗ੍ਰਿਫਤਾਰੀਆਂ ਕਰਦੇ ਹਨ। ਜੇ ਤੁਹਾਡੇ ਕੋਲ ਇਹ

# ਮਦਦ ਇੱਥੇ ਸ਼ੁਰੂ ਹੁੰਦੀ ਹੈ।

## ਜੇ ਤੁਸੀਂ ਜਾਂ ਤੁਹਾਨੂੰ ਜਾਣਦਾ ਕੋਈ ਘਰੇਲੂ ਹਿੰਸਾ ਦਾ ਸ਼ਿਕਾਰ ਹੋਇਆ ਹੈ ਤਾਂ ਮਦਦ ਮੌਜੂਦ ਹੈ

ਯਕੀਨ ਕਰਨ ਦਾ ਚੰਗਾ ਕਾਰਨ ਹੈ ਕਿ ਕੋਈ ਤੁਹਾਨੂੰ ਜਾਂ ਤੁਹਾਡੇ ਬੱਚਿਆਂ ਨੂੰ ਨੁਕਸਾਨ ਪਹੁੰਚਾਏਗਾ ਤਾਂ ਪੁਲੀਸ ਤੁਹਾਡੀ ਸੁਰੱਖਿਆ ਲਈ ਪੀਸ ਬੌਂਡਜ਼ ਲਈ ਅਪਲਾਈ ਕਰਦੀ ਹੈ। ਪੁਲੀਸ ਤੁਹਾਨੂੰ ਹੋਰ ਏਜੰਸੀਆਂ ਬਾਰੇ ਜਾਣਕਾਰੀ ਵੀ ਦਿੰਦੀ ਹੈ ਜਿਹੜੀਆਂ ਤੁਹਾਡੀ ਮਦਦ ਕਰਨ ਦੇ ਯੋਗ ਹੋ ਸਕਦੀਆਂ ਹਨ।

### ਵਿਕਟਿਮ ਸਰਵਿਸਿਜ਼

ਵਿਕਟਿਮ ਸਰਵਿਸਿਜ਼ ਕਮਿਉਨਟੀ ਏਜੰਸੀਆਂ ਜਾਂ ਪੁਲੀਸ ਸਟੇਸ਼ਨਾਂ ਵਿਚ ਸਥਿਤ ਹਨ। ਸੇਵਾਵਾਂ ਵਿਚ ਜਜ਼ਬਾਤੀ ਮਦਦ, ਜਸਟਿਸ ਸਿਸਟਮ ਬਾਰੇ ਜਾਣਕਾਰੀ, ਸੇਫਟੀ ਪਲੈਨਿੰਗ, ਕੌਂਸਲਿੰਗ ਅਤੇ ਹੋਰ ਸੇਵਾਵਾਂ ਕੋਲ ਭੇਜਣਾ ਅਤੇ ਅਦਾਲਤ ਜਾਣ ਵਾਲੇ ਪੀੜਿਤਾਂ ਦੀ ਮਦਦ ਕਰਨਾ ਸ਼ਾਮਲ ਹਨ। ਵਿਕਟਿਮ ਸਰਵਿਸਿਜ਼ ਤੁਹਾਨੂੰ ਜਾਣਕਾਰੀ ਅਤੇ ਜੁਰਮਾਂ ਦਾ ਸ਼ਿਕਾਰ ਹੋਇਆਂ ਲਈ ਸਹਾਇਤਾ ਦੇ ਭੱਤਿਆਂ ਲਈ ਅਰਜ਼ੀ ਫਾਰਮ ਅਤੇ ਵਿਕਟਿਮ ਨੋਟੀਫੀਕੇਸ਼ਨ ਦੇ ਕੇ ਵੀ ਮਦਦ ਕਰਦੇ ਹਨ।

> *ਕਿਸੇ ਹਿੰਸਕ ਜੁਰਮ ਨਾਲ ਜ਼ਖ਼ਮੀ ਹੋਏ ਪੀੜਿਤ, ਕਰਾਇਮ ਵਿਕਟਿਮ ਅਸਿਸਟੈਂਸ ਐਕਟ ਅਧੀਨ, ਭੱਤਿਆਂ ਲਈ ਕਰਾਇਮ ਵਿਕਟਿਮ ਅਸਿਸਟੈਂਸ ਪ੍ਰੋਗਰਾਮ ਕੋਲ ਅਪਲਾਈ ਕਰ ਸਕਦੇ ਹਨ। ਜਿਹੜੇ ਪੀੜਿਤ ਇਹ ਚਾਹੁੰਦੇ ਹਨ ਕਿ ਉਨ੍ਹਾਂ ਨੂੰ ਕਥਿਤ ਦੋਸ਼ੀ/ਅਪਰਾਧੀ ਦੇ ਦਰਜੇ ਵਿਚ ਆਈਆਂ ਤਬਦੀਲੀਆਂ ਬਾਰੇ ਸੂਚਨਾ ਦਿੱਤੀ ਜਾਵੇ ਉਹ ਨੋਟੀਫੀਕੇਸ਼ਨ ਲਈ ਵਿਕਟਿਮ ਸੇਫਟੀ ਯੂਨਿਟ ਕੋਲ ਰਜਿਸਟਰ ਹੋ ਸਕਦੇ ਹਨ।*

**ਵਿਕਟਿਮਲਿੰਕ ਬੀ ਸੀ (1-800-563-0808)** ਜੁਰਮ ਦਾ ਸ਼ਿਕਾਰ ਹੋਏ ਸਾਰੇ ਵਿਅਕਤੀਆਂ ਨੂੰ ਜਾਣਕਾਰੀ ਦਿੰਦਾ ਹੈ ਅਤੇ ਅਗਾਂਹ ਭੇਜਦਾ ਹੈ, ਅਤੇ ਘਰੇਲੂ ਹਿੰਸਾ ਦੇ ਪੀੜਿਤਾਂ ਲਈ ਫੌਰੀ ਸੰਕਟ ਵਿਚ ਮਦਦ ਕਰਦਾ ਹੈ।

### ਹੋਰ ਸੇਵਾਵਾਂ

**ਹੈਲਥ ਕਲੀਨਿਕ ਅਤੇ ਹਸਪਤਾਲ**, ਸਰੀਰਕ ਅਤੇ ਮਨੋਵਿਗਿਆਨਕ ਸਦਮੇ ਤੋਂ ਠੀਕ ਹੋ ਰਹੇ ਘਰੇਲੂ ਹਿੰਸਾ ਦੇ ਪੀੜਿਤਾਂ ਦੀ ਦੀ ਮਦਦ ਲਈ ਐਮਰਜੰਸੀ ਅਤੇ ਲੰਮੇ ਸਮੇਂ ਦੀਆਂ ਸੇਵਾਵਾਂ ਦਿੰਦੇ ਹਨ। ਹੈਲਥਲਿੰਕ ਬੀ ਸੀ ਸਿਹਤ ਬਾਰੇ ਜਾਣਕਾਰੀ ਅਤੇ ਰਜਿਸਟਰਿਡ ਨਰਸਾਂ ਤੋਂ ਸਲਾਹ ਅਤੇ ਟੈਲੀਫੋਨ 'ਤੇ ਪਹੁੰਚ ਪ੍ਰਦਾਨ ਕਰਦਾ ਹੈ।

**ਟ੍ਰਾਂਜ਼ੀਸ਼ਨ ਹਾਊਸਿਜ਼ ਅਤੇ ਸੇਫ ਹੋਮਜ਼**, ਉਨ੍ਹਾਂ ਔਰਤਾਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਆਰਜ਼ੀ, ਸੁਰੱਖਿਅਤ ਰਿਹਾਇਸ਼ ਪ੍ਰਦਾਨ ਕਰਦੇ ਹਨ ਜਿਨ੍ਹਾਂ ਨੂੰ ਘਰੇਲੂ ਹਿੰਸਾ ਦਾ ਸਾਹਮਣਾ ਕਰਨਾ ਪਿਆ ਹੁੰਦਾ ਹੈ।

**ਕੌਂਸਲਿੰਗ ਦੀਆਂ ਸੇਵਾਵਾਂ** ਘਰੇਲੂ ਹਿੰਸਾ ਦੇ ਪੀੜਿਤਾਂ ਅਤੇ ਉਨ੍ਹਾਂ ਦੇ ਬੱਚਿਆਂ ਲਈ ਕਮਿਉਨਟੀ ਏਜੰਸੀਆਂ ਵਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ, ਜਿਸ ਵਿਚ ਸਟੌਪਿੰਗ ਦਾ ਵਾਇਲੈਂਸ ਕੌਂਸਲਿੰਗ ਪ੍ਰੋਗਰਾਮਜ਼ ਅਤੇ ਚਿਲਡਰਨ ਹੂ ਵਿਟਨੈੱਸ ਅਬਿਊਜ਼ ਪ੍ਰੋਗਰਾਮਜ਼ ਨਾਂ ਦੇ ਪ੍ਰੋਗਰਾਮ ਸ਼ਾਮਲ ਹਨ। ਬੱਚੇ ਦੀ ਸੁਰੱਖਿਆ ਅਤੇ ਪਰਿਵਾਰ ਦੀ ਮਦਦ ਦੀਆਂ ਸੇਵਾਵਾਂ ਮਨਿਸਟਰੀ ਆਫ ਚਿਲਡਰਨ ਐਂਡ ਫੈਮਿਲੀ ਡਿਵੈਲਪਮੈਂਟ ਵਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਬੱਚਿਆਂ, ਜਵਾਨਾਂ, ਅਤੇ ਪਰਿਵਾਰਾਂ ਲਈ ਸੇਵਾਵਾਂ ਵੱਖ ਵੱਖ ਕਮਿਉਨਟੀ ਏਜੰਸੀਆਂ ਵਲੋਂ ਵੀ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

ਇਸ ਤੋਂ ਇਲਾਵਾ, ਕੁਝ ਕਮਿਉਨਟੀ ਏਜੰਸੀਆਂ ਸਿਹਤ, ਜਾਣਕਾਰੀ ਜਾਂ ਹਿਮਾਇਤ ਦੀਆਂ ਸੇਵਾਵਾਂ ਵੀ ਦਿੰਦੀਆਂ ਹਨ ਜੋ ਕਿ ਅਪਾਹਜਤਾਵਾਂ ਵਾਲੇ ਲੋਕਾਂ, ਮਰਦਾਂ, ਔਰਤਾਂ, ਖਾਸ ਉਮਰ ਗਰੁੱਪਾਂ, ਸਭਿਆਚਾਰਕ ਪਿਛੋਕੜਾਂ ਜਾਂ ਕਾਮੁਕ ਰੁਚੀਆਂ ਮੁਤਾਬਕ ਬਣਾਈਆਂ ਗਈਆਂ ਹੁੰਦੀਆਂ ਹਨ।

**ਵੱਖ ਵੱਖ ਕਾਨੂੰਨੀ ਸੇਵਾਵਾਂ** ਤੁਹਾਡੇ ਲਈ ਉਪਲਬਧ ਹਨ ਜੇ ਤੁਹਾਨੂੰ ਤਲਾਕ ਜਾਂ ਕਸਟੱਡੀ ਦੇ ਮਾਮਲਿਆਂ ਵਿਚ ਕਾਨੂੰਨੀ ਮਦਦ ਦੀ ਲੋੜ ਹੈ, ਜਾਂ ਜੇ ਤੁਹਾਨੂੰ ਹਿਫਾਜ਼ਤੀ ਆਰਡਰ (ਪ੍ਰੋਟੈਕਸ਼ਨ ਆਰਡਰ) ਲੈਣ ਦੀ ਲੋੜ ਹੈ। ਲਾਇਅਰ ਰੈਫਰਲ ਸਰਵਿਸ ਤੁਹਾਡੇ ਇਲਾਕੇ ਵਿਚ ਵਕੀਲ ਲੱਭਣ ਵਿਚ ਤੁਹਾਡੀ ਮਦਦ ਕਰਦੀ ਹੈ। ਲੀਗਲ ਸਰਵਿਸਿਜ਼ ਸੁਸਾਇਟੀ ਰਾਹੀਂ ਮਿਲਦੀ ਲੀਗਲ ਏਡ (ਕਾਨੂੰਨੀ ਸਹਾਇਤਾ) ਮੁਫਤ ਕਾਨੂੰਨੀ ਸਲਾਹ ਅਤੇ ਨੁਮਾਇੰਦਗੀ ਪ੍ਰਦਾਨ ਕਰਦੀ ਹੈ ਜੇ ਤੁਸੀਂ ਇਸ ਲਈ ਹੱਕਦਾਰ ਹੋਵੋ।

**ਵਿਕਟਿਮਲਿੰਕ ਬੀ ਸੀ (1-800-563-0808, www.victimlinkbc.ca)** ਤੁਹਾਨੂੰ ਕਮਿਉਨਟੀ ਅਤੇ ਸਰਕਾਰੀ ਵਸੀਲਿਆਂ ਦੇ ਇਕ ਨੈੱਟਵਰਕ ਨਾਲ ਜੋੜ ਸਕਦਾ ਹੈ, ਜਿਸ ਵਿਚ ਸਮਾਜਿਕ, ਸਿਹਤ, ਅਤੇ ਨਿਆਂ ਦੇ ਵਸੀਲੇ ਸ਼ਾਮਲ ਹਨ ਜਿਵੇਂ ਕਿ ਪੀੜਿਤਾਂ ਨੂੰ ਸੇਵਾਵਾਂ, ਕੌਂਸਲਿੰਗ ਦੇ ਵਸੀਲੇ ਅਤੇ ਟ੍ਰਾਂਜ਼ੀਸ਼ਨ ਹਾਊਸ ਸ਼ਾਮਲ ਹਨ।

> *ਖਾਸ ਸੇਵਾਵਾਂ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ ਇਸ ਜਾਣਕਾਰੀ ਸ਼ੀਟ ਦੇ ਅੰਤ ਵਿਚ **ਵਸੀਲੇ** ਵਾਲੇ ਭਾਗ ਵਿਚ ਦਿੱਤੀ ਗਈ ਹੈ।*

### ਜੇ ਤੁਹਾਨੂੰ ਮਦਦ ਦੀ ਲੋੜ ਹੋਵੇ ਤਾਂ ਚੁੱਕੇ ਜਾਣ ਵਾਲੇ ਕਦਮ

- ਜੇ ਤੁਸੀਂ ਜਾਂ ਤੁਹਾਡੇ ਬੱਚੇ ਕਿਸੇ ਸੁਰੱਖਿਅਤ ਥਾਂ 'ਤੇ ਨਾ ਹੋਵੋ ਤਾਂ ਸੁਰੱਖਿਅਤ ਥਾਂ 'ਤੇ ਜਾਉ। ਕੋਈ ਟ੍ਰਾਂਜ਼ੀਸ਼ਨ ਹਾਊਸ ਜਾਂ ਸੇਫ ਹੋਮ ਲੱਭਣ ਲਈ, ਐਮਰਜੰਸੀ ਨੰਬਰਾਂ ਥੱਲੇ ਆਪਣੀ ਫੋਨ ਬੁੱਕ ਵਿਚ ਦੇਖੋ ਜਾਂ ਵਿਕਟਿਮਲਿੰਕ ਬੀ ਸੀ ਨੂੰ ਫੋਨ ਕਰੋ।
- ਜੇ ਤੁਸੀਂ ਜਾਂ ਤੁਹਾਡੇ ਬੱਚੇ ਫੌਰੀ ਖਤਰੇ ਵਿਚ ਹੋਵੋ ਜਾਂ ਫੌਰੀ ਡਾਕਟਰੀ ਮਦਦ ਚਾਹੀਦੀ ਹੋਵੇ ਤਾਂ 911 ਨੂੰ ਜਾਂ ਆਪਣੇ ਇਲਾਕੇ ਦੇ ਐਮਰਜੰਸੀ ਨੰਬਰ ਨੂੰ ਫੋਨ ਕਰਕੇ ਪੁਲੀਸ ਜਾਂ ਐਂਬੂਲੈਂਸ ਸੇਵਾਵਾਂ ਨਾਲ ਸੰਪਰਕ ਕਰੋ।
- ਆਪਣੇ ਭਰੋਸੇ ਵਾਲੇ ਕਿਸੇ ਵਿਅਕਤੀ ਨੂੰ ਦੱਸੋ ਕਿ ਕੀ ਵਾਪਰਿਆ ਹੈ। ਕਿਸੇ ਦੋਸਤ ਜਾਂ ਪਰਿਵਾਰ ਦੇ ਮੈਂਬਰ ਨੂੰ ਆਪਣੀ ਜਜ਼ਬਾਤੀ ਮਦਦ ਜਾਂ ਅਮਲੀ ਮਦਦ ਕਰਨ ਦਿਉ।



- ਵਿਕਟਿਮਲਿੰਕ ਬੀ ਸੀ ਤੋਂ ਜਾਣਕਾਰੀ ਲੈ ਕੇ ਕਿਸੇ ਵਿਕਟਿਮ ਸਰਵਿਸਿਜ਼ ਨਾਲ ਸੰਪਰਕ ਕਰੋ। ਵਿਕਟਿਮ ਸਰਵਿਸਿਜ਼ ਤੁਹਾਡੀ ਸਿੱਧੀ ਮਦਦ ਕਰ ਸਕਦੀ ਹੈ ਅਤੇ ਤੁਹਾਨੂੰ ਕੌਂਸਲਿੰਗ ਅਤੇ ਹੋਰ ਸੇਵਾਵਾਂ ਕੋਲ ਵੀ ਭੇਜ ਸਕਦੀ ਹੈ।
- ਜੇ ਤੁਸੀਂ ਸਰੀਰਕ ਜਾਂ ਕਾਮੁਕ ਹਮਲੇ ਦਾ ਸ਼ਿਕਾਰ ਹੋਏ ਹੋਵੋ ਤਾਂ ਛੇਤੀ ਤੋਂ ਛੇਤੀ ਹਸਪਤਾਲ, ਵਾਕ-ਇਨ ਕਲੀਨਿਕ ਜਾਂ ਆਪਣੇ ਡਾਕਟਰ ਕੋਲ ਜਾਉ। ਜੇ ਹਮਲਾ ਤਾਜ਼ਾ ਨਹੀਂ ਹੈ ਤਾਂ ਵੀ ਚੈੱਕਅੱਪ ਲਈ ਜਾਣਾ ਜ਼ਰੂਰੀ ਹੋ ਸਕਦਾ ਹੈ।
- ਜੇ ਤੁਸੀਂ ਪੁਲੀਸ ਨਾਲ ਸੰਪਰਕ ਕਰਨਾ ਚਾਹੁੰਦੇ ਹੋਵੋ ਪਰ ਹਾਲਤ ਹੰਗਾਮੀ ਨਾ ਹੋਵੇ ਤਾਂ ਆਪਣੇ ਇਲਾਕੇ ਵਿਚ ਪੁਲੀਸ ਦੇ ਗੈਰ-ਐਮਰਜੰਸੀ ਨੰਬਰ ਨੂੰ ਫੋਨ ਕਰੋ।
- ਜੇ ਤੁਹਾਡੇ ਮਨ ਵਿਚ ਘਰੇਲੂ ਹਿੰਸਾ ਬਾਰੇ, ਜਾਂ ਅਪਣੇ ਹੱਕਾਂ ਬਾਰੇ ਸਵਾਲ ਹੋਣ ਤਾਂ ਕਿਸੇ ਵਿਕਟਿਮ ਸਰਵਿਸ ਵਰਕਰ ਤੋਂ ਬੇਝਿਜਕ ਪੁੱਛੋ।

## ਵਸੀਲੇ

### ਹੈਲਥਲਿੰਕ ਬੀ ਸੀ

- ਹਰ ਰੋਜ਼ 24 ਘੰਟੇ ਬੀ.ਸੀ. ਵਿਚ 811 'ਤੇ ਮੁਫਤ ਫੋਨ ਕਰੋ
- ਗੈਰ-ਐਮਰਜੰਸੀ ਸਿਹਤ ਜਾਣਕਾਰੀ ਅਤੇ ਸੇਵਾਵਾਂ ਤੱਕ ਸੌਖੀ ਪਹੁੰਚ
- ਬੇਨਤੀ ਕਰਨ 'ਤੇ 130 ਨਾਲੋਂ ਜ਼ਿਆਦਾ ਜ਼ਬਾਨਾਂ ਵਿਚ ਅਨੁਵਾਦ ਦੀਆਂ ਸੇਵਾਵਾਂ
- ਬੋਲ਼ੇ ਅਤੇ ਉੱਚਾ ਸੁਣਨ ਵਾਲੇ ਲੋਕਾਂ ਲਈ ਮਦਦ (ਟੀ ਟੀ ਵਾਈ), 711 'ਤੇ ਫੋਨ ਕਰੋ
- www.healthlinkbc.ca

**ਕਿਰਪਾ ਕਰਕੇ ਨੋਟ ਕਰੋ:** *ਇਹ ਜਾਣਕਾਰੀ ਸ਼ੀਟ ਸਿਰਫ ਆਮ ਜਾਣਕਾਰੀ ਦਿੰਦੀ ਹੈ। ਇਸ ਦਾ ਮਕਸਦ ਕੋਈ ਕਾਨੂੰਨੀ ਜਾਣਕਾਰੀ ਜਾਂ ਸਲਾਹ ਦੇਣਾ ਨਹੀਂ ਹੈ।*

### ਕਰਾਇਮ ਵਿਕਟਿਮ ਅਸਿਸਟੈਂਸ ਪ੍ਰੋਗਰਾਮ

- ਫੋਨ: 1-866-660-3888 'ਤੇ ਮੁਫਤ ਫੋਨ ਕਰੋ
- ਈ-ਮੇਲ: cvap@gov.bc.ca

### ਹੈਲਪਲਾਈਨ ਫਾਰ ਚਿਲਡਰਨ

- 310-1234 'ਤੇ ਫੋਨ ਕਰੋ (ਏਰੀਏ ਕੋਡ ਦੀ ਲੋੜ ਨਹੀਂ ਹੈ), ਹਰ ਰੋਜ਼ 24 ਘੰਟੇ
- ਟੀ ਟੀ ਡੀ (ਬੋਲ਼ਿਆਂ ਲਈ ਟੈਲੀਫੋਨ ਯੰਤਰ) ਦੀ ਵਰਤੋਂ ਕਰਨ ਲਈ 1-866-660-0505 'ਤੇ ਫੋਨ ਕਰੋ

### ਲਾਇਅਰ ਰੈਫਰਲ ਸਰਵਿਸ

- ਫੋਨ: (604) 687-3221 ਜਾਂ ਦੂਰੋਂ ਮੁਫਤ 1-800-663-1919

### ਲੀਗਲ ਸਰਵਿਸਿਜ਼ ਸੁਸਾਇਟੀ (ਐੱਲ ਐੱਸ ਐੱਸ ਕਾਲ ਸੈਂਟਰ ਅਤੇ ਲਾਅਲਾਈਨ)

- ਫੋਨ: (604) 408-2172 ਜਾਂ ਦੂਰੋਂ ਮੁਫਤ 1-866-577-2525
- ਟੀ ਟੀ ਵਾਈ (ਟੈਲੀਟਾਈਪਰਾਈਟਰ): (604) 601-6236 ਜਾਂ ਦੂਰੋਂ ਮੁਫਤ 1-877-991-2299

### ਸਟੌਪਿੰਗ ਦਾ ਵਾਇਲੈਂਸ ਕੌਂਸਲਿੰਗ ਪ੍ਰੋਗਰਾਮਜ਼ ਅਤੇ ਚਿਲਡਰਨ ਹੂ ਵਿਟਨੈੱਸ ਅਬਿਉਜ਼ ਪ੍ਰੋਗਰਾਮਜ਼

- ਫੋਨ: ਵਿਕਟਿਮਲਿੰਕ ਬੀ ਸੀ ਦੇ ਦੂਰੋਂ ਮੁਫਤ ਨੰਬਰ 1-800-563-0808 ਰਾਹੀਂ
- ਵੈੱਬਸਾਈਟ: www.pssg.gov.bc.ca/victimservices/directory/

### ਵਿਕਟਿਮ ਸੇਫਟੀ ਯੂਨਿਟ

- ਫੋਨ: (604) 660-0316 ਜਾਂ ਦੂਰੋਂ ਮੁਫਤ 1-877-315-8822
- ਈ-ਮੇਲ: vsusg@gov.bc.ca

### ਵਿਕਟਿਮਲਿੰਕ ਬੀ ਸੀ

- ਵਿਕਟਿਮਲਿੰਕ ਬੀ ਸੀ ਇਕ ਮੁਫਤ, ਬਹੁਭਾਸ਼ਾਈ, ਗੁਪਤ ਟੈਲੀਫੋਨ ਸਰਵਿਸ ਹੈ ਜੋ ਕਿ ਬੀ.ਸੀ. ਅਤੇ ਯੂਕੋਨ ਵਿਚ ਦਿਨ ਦੇ 24 ਘੰਟੇ, ਹਫਤੇ ਦੇ ਸੱਤੇ ਦਿਨ ਉਪਲਬਧ ਹੈ ਜੋ ਕਿ ਜੁਰਮਾਂ ਦੇ ਸ਼ਿਕਾਰ ਸਾਰੇ ਲੋਕਾਂ ਲਈ ਜਾਣਕਾਰੀ ਅਤੇ ਰੈਫਰਲ ਸੇਵਾਵਾਂ ਪ੍ਰਦਾਨ ਕਰਦੀ ਹੈ ਅਤੇ ਪਰਿਵਾਰਕ ਅਤੇ ਕਾਮੁਕ ਹਿੰਸਾ ਤੋਂ ਪੀੜਿਤਾਂ ਲਈ ਸੰਕਟ ਵਿਚ ਫੌਰੀ ਸਹਾਇਤਾ ਦਿੰਦੀ ਹੈ।
- ਵਿਕਟਿਮਲਿੰਕ ਬੀ ਸੀ ਨਾਲ 1-800-563-0808 'ਤੇ ਸੰਪਰਕ ਕਰੋ (ਬੀ.ਸੀ. ਅਤੇ ਯੂਕੋਨ ਵਿਚ ਮੁਫਤ)। 604-875-0885 'ਤੇ ਟੀ ਟੀ ਵਾਈ ਨੂੰ ਫੋਨ ਕਰੋ; ਕੋਲੈਕਟ ਕਾਲ ਕਰਨ ਲਈ ਕਿਰਪਾ ਕਰਕੇ ਟੈਲਅੱਸ ਰੀਲੇਅ ਸਰਵਿਸ ਨੂੰ 711 'ਤੇ ਫੋਨ ਕਰੋ। 604-836-6381 'ਤੇ ਟੈਕਸਟ ਕਰੋ।
- ਈਮੇਲ: victimLinkBC@bc211.ca
- www.victimlinkbc.ca

### ਡੋਮੈਸਟਿਕ ਵਾਇਲੈਂਸ ਬੀ ਸੀ

- ਘਰੇਲੂ ਹਿੰਸਾ ਬਾਰੇ ਹੋਰ ਜਾਣਕਾਰੀ ਸਮੇਤ ਵਸੀਲਿਆਂ ਦੇ
- ਵੈੱਬਸਾਈਟ: www.domesticviolencebc.ca